# Tortilla

ਰੋਟੀ ਨਾ ਮਿਲੀ, ਸਾਨੂੰ ਖਾਣਾ **Tortilla** ਪਿਆ,
ਤੂੰ ਨਾ ਮਿਲੀ, ਸਾਨੂੰ ਕਰਨਾ ਕੋਈ ਹੋਰ ਹੀਲਾ ਪਿਆ ।

ਨਾ ਸਾਨੂੰ ਰੋਟੀ ਪਕਾਉਣੀ ਆਵੇ,
ਨਾ ਸਾਨੂੰ ਸੱਬਜੀ ਬਣਾਉਣੀ ਆਵੇ,
ਪਰਦੇਸਾ ਵਿਚ ਵੀ ਛੱੜਿਆ ਦਾ ਖਾਲੀ ਪਤੀਲਾ ਪਿਆ ।

ਰੋਟੀ ਨਾ ਮਿਲੀ, ਸਾਨੂੰ ਖਾਣਾ **Tortilla** ਪਿਆ,
ਤੂੰ ਨਾ ਮਿਲੀ, ਸਾਨੂੰ ਕਰਨਾ ਕੋਈ ਹੋਰ ਹੀਲਾ ਪਿਆ ।

ਇਕ ਦਿਨ ਅੰਸ਼ੂ ਨੇ ਆਲੂ-ਭਿੰਡੀਆ ਬਣਾਈਆ,
ਆਲੂ ਰਹਿਗੇ ਕੱਚੇ, ਤੇ ਭਿੰਡੀਆ ਨੰਜਰ ਨਾ ਆਈਆ,
ਤੇ ਸਾਨੂੰ ਨੇੜੇ ਕਰਨਾ ਦਹੀ ਵਾਲਾ ਠੂਲਾ ਪਿਆ ।

ਰੋਟੀ ਨਾ ਮਿਲੀ, ਸਾਨੂੰ ਖਾਣਾ **Tortilla** ਪਿਆ,
ਤੂੰ ਨਾ ਮਿਲੀ, ਸਾਨੂੰ ਕਰਨਾ ਕੋਈ ਹੋਰ ਹੀਲਾ ਪਿਆ ।

ਇਕ ਦਿਨ ਮੈ ਪਰੌਠੇ **Almond-oil** ਤੋ ਬਣਾਏ
ਕੌੜੇ ਜਿਹੇ ਲੱਗੇ ਜਦੋ ਮੈ ਮੂਹ ਵਿਚ ਪਾਏ,
ਤੇ ਇਸ ਵਾਰੇ ਸੋਚਦਾ ਮੈ ਸਾਰਾ ਦਿਨ ਇਕੱਲਾ ਰਿਹਾ ।

ਰੋਟੀ ਨਾ ਮਿਲੀ, ਸਾਨੂੰ ਖਾਣਾ **Tortilla** ਪਿਆ,
ਤੂੰ ਨਾ ਮਿਲੀ, ਸਾਨੂੰ ਕਰਨਾ ਕੋਈ ਹੋਰ ਹੀਲਾ ਪਿਆ ।

ਲੋਗੜੀ ਦਾ ਫੁੱਲ ਬੱਣਕੇ,
ਸਾਨੂੰ ਮੇਮ ਦੀ ਹਿਕ ਤੇ ਟਹਿਲਣਾ ਪਿਆ,
ਅੰਤ ਨੂੰ ਬੱਣਨਾ ਇਕ ਮੇਮ ਦਾ ਫੀਲਾ ਪਿਆ ।

**Updated: July 22, 2006**

ਰੋਟੀ ਨਾ ਮਿਲੀ, ਸਾਨੂੰ ਖਾਣਾ **Tortilla** ਪਿਆ,
ਤੂੰ ਨਾ ਮਿਲੀ, ਸਾਨੂੰ ਕਰਨਾ ਕੋਈ ਹੋਰ ਹੀਲਾ ਪਿਆ ।

**Sarjinder** ਨੇ ਯਾਰੀ ਮੇਮ ਨਾਲ ਲਾਈ,
ਦੇਖ ਸਾਲੇ ਨੇ ਗੋਗੜ ਕਿਵੇ ਵਧਾਈ,
ਹੁੰਦਾ ਸੀ ਦੇਖਣ ਨੂੰ ਇਹ ਇਕ ਤੀਲਾ ਜਿਹਾ ।

ਰੋਟੀ ਨਾ ਮਿਲੀ, ਸਾਨੂੰ ਖਾਣਾ **Tortilla** ਪਿਆ,
ਤੂੰ ਨਾ ਮਿਲੀ, ਸਾਨੂੰ ਕਰਨਾ ਕੋਈ ਹੋਰ ਹੀਲਾ ਪਿਆ ।

**Archived at:** www.geocities.com/new_punjabi_songs
**Written by:** Dr. Sarjinder Singh, Assistant Professor, St. Cloud State University, St. Cloud, MN, USA
**Note: All opinions are of author’s own.**